# ਪੰਜਾਬ ਸਕੂਲ ਸਿੱਖਿਆ ਬੋਰਡ

## (ਰਜਿਸਟ੍ਰੇਸ਼ਨ ਸ਼ਾਖਾ)

### ਸੂਚਨਾ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਰਕਾਰੀ/ਏਡਿਡ/ ਐਫ਼ੀਲੀਏਟਿਡ/ਐਸੋਸੀਏਟਿਡ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2025-26 ਲਈ ਬੋਰਡ ਨਾਲ ਸਬੰਧਤ **ਨੌਵੀਂ ਅਤੇ ਗਿਆਰਵੀਂ** ਸ਼੍ਰੇਣੀਆਂ ਦੇ ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ ਜਾਰੀ ਕਰਨ ਲਈ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸਬੰਧੀ ਕਈ ਸਕੂਲਾਂ ਵੱਲੋਂ ਬਹੁਤ ਸਾਰੇ ਵਿਦਿਆਰਥੀਆਂ ਦੇ ਦਸਤਾਵੇਜ਼ ਜਮ੍ਹਾਂ ਨਹੀ ਕਰਵਾਏ ਗਏ ਜਾਂ ਅਧੂਰੇ ਹਨ, ਅਜਿਹੇ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ ਦੀ ਥਾਂ ਦਸਤਾਵੇਜ਼ ਨਾ ਹੋਣ ਕਾਰਨ error ਲਗਾਏ ਗਏ ਹਨ।

Errors ਸਬੰਧੀ ਆਪਣੇ ਸਕੂਲ login ID ਦੇ Registration Portal ਅਧੀਨ ਫਾਰਮਾਂ ਵਿੱਚ ਜਾ ਕੇ ਜਾਂ Other Board Registration No. ਲਿੰਕ ਅਧੀਨ ਚੈੱਕ ਕੀਤਾ ਜਾਵੇ । ਸਕੂਲ ਮੁਖੀਆਂ ਲਈ ਰਜਿਸਟ੍ਰੇਸ਼ਨ error list ਵੀ ਸ਼ੋਅ ਹੋ ਰਹੀ ਹੈ, ਜਿਸ ਅਨੁਸਾਰ ਵਿਦਿਆਰਥੀਆਂ ਦੇ ਲੱਗੇ error ਚੈੱਕ ਕੀਤੇ ਜਾ ਸਕਦੇ ਹਨ। ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ ਦੀ ਥਾਂ ਲੱਗੇ errors ਨੂੰ ਦੂਰ ਕਰਨ ਲਈ ਸਬੰਧਤ ਦਸਤਾਵੇਜ਼ ਦਸਤੀ ਤੌਰ ਤੇ ਸਿੰਗਲ ਵਿੰਡੋ ਤੇ ਰਜਿਸਟ੍ਰੇਸ਼ਨ ਸ਼ਾਖਾ ਦੇ ਕਾਊਂਟਰ ਨੰਬਰ 5 , ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵਿਖੇ ਜਾਂ ਸੁਪਰਡੰਟ ਰਜਿਸਟ੍ਰੇਸ਼ਨ ਸ਼ਾਖਾ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਦੇ ਨਾਮ ਤੇ ਡਾਕ ਰਾਹੀਂ **ਮਿਤੀ 20 ਮਾਰਚ, 2026 ਤੱਕ** ਹਰ ਹਾਲਤ ਵਿੱਚ ਜਮ੍ਹਾਂ ਕਰਵਾਏ ਜਾਣ ਤਾਂ ਜੋ ਅਜਿਹੇ ਵਿਦਿਆਰਥੀਆਂ ਨੂੰ ਸਮੇਂ-ਸਿਰ ਰਜਿਸਟ੍ਰੇਸ਼ਨ ਨੰਬਰ ਜਾਰੀ ਕੀਤੇ ਜਾ ਸਕਣ ਕਿਉਂਕਿ ਨੌਵੀਂ ਅਤੇ ਗਿਆਰਵੀਂ ਸ਼੍ਰੇਣੀਆਂ ਦੇ ਜਿੰਨ੍ਹਾਂ ਵਿਦਿਆਰਥੀਆਂ ਨੂੰ ਰਜਿਸਟ੍ਰੇਸ਼ਨ ਨੰਬਰ ਜਾਰੀ ਨਹੀਂ ਹੋਏ ਹੋਣਗੇ, ਉਹਨਾਂ ਵਿਦਿਆਰਥੀਆਂ ਦਾ ਨਤੀਜਾ ਆਨ-ਲਾਈਨ ਅਪਡੇਟ ਨਹੀਂ ਕੀਤਾ ਜਾ ਸਕੇਗਾ। ਜਿਸ ਕਾਰਨ ਉਹ ਅਗਲੀ ਸ਼੍ਰੇਣੀ ਵਿੱਚ ਇਮਪੋਰਟ ਵੀ ਨਹੀਂ ਕੀਤੇ ਜਾ ਸਕਣਗੇ।

ਜੇਕਰ ਕੋਈ ਵਿਦਿਆਰਥੀ ਬਿਨ੍ਹਾਂ ਰਜਿਸਟ੍ਰੇਸ਼ਨ ਨੰਬਰ ਲੱਗੇ ਅਤੇ ਰਿਜ਼ਲਟ ਅਪਡੇਟ ਨਾ ਹੋਣ ਕਾਰਨ ਅਗਲੀ ਸ਼੍ਰੇਣੀ ਵਿੱਚ ਇਮਪੋਰਟ ਹੋਣ ਤੋਂ ਰਹਿ ਜਾਂਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ਅਧਿਆਪਕਾਂ ਦੀ ਹੀ ਹੋਵੇਗੀ।

ਡਾਇਰੈਕਟਰ( ਕੰਪਿਊਟਰ )